# ਅਮਰ ਸੰਦੇਸ਼

ਲੜੀ ਨੰ: 2



ਸ਼ਹੀਦ ਕਰਤਾਰ ਸਿੰਘ ਸਰਾਭਾ

ਵਲੋਂ

## ਵਿਦਿਆਰਥੀ ਏਕਤਾ ਕਮੇਟੀ

ਜ਼ਿਲਾ ਲੁਧਿਆਣਾ

Digitized by Panjab Digital Library | www.panjabdigilib.org

## ਵਿਦਿਆਰਥੀ ਅਤੇ ਨੌਜਵਾਨ ਸਾਥੀਓ,

ਅੱਜ ਅਸੀਂ ਵਿਦੇਸ਼ੀ ਜੂਲੇ ਤੋਂ ਆਜ਼ਾਦ ਹਾਂ। ਆਓ ਸੋਚੀਏ ਵਿਚਾਰੀਏ ਕਿ ਇਹ ਹਾਲਤ ਕਿਵੇਂ ਪ੍ਰਾਪਤ ਕੀਤੀ। ਕਈ ਲੋਕ ਲਹਿਰਾਂ ਚੱਲੀਆਂ ਜਿਸ ਵਿਚ ਗਰੀਬ ਅਤੇ ਮਿਹਨਤੀ ਜਨਤਾ ਨੇ ਅਥਾਹ ਕੁਰਬਾਨੀਆਂ ਕੀਤੀਆਂ। ਕੁਝ ਸ਼ਹੀਦਾਂ ਅਤੇ ਦੇਸ਼ ਭਗਤਾਂ ਦੇ ਸੰਦੇਸ਼ ਤੁਹਾਡੇ ਹੱਥਾਂ ਵਿਚ ਹਨ। ਜੋ ਪ੍ਰਸ਼ਨ ਚਿੰਨ ਬਣ ਕੇ ਸਮੁੱਚੇ ਭਾਰਤੀ ਨੌਜਵਾਨਾਂ ਨੂੰ ਵੰਗਾਰ ਰਹੇ ਹਨ ਕੀ ਉਹਨਾਂ ਦਾ ਆਦਰਸ਼ ਪੂਰਾ ਹੋ ਗਿਆ ? ਜੇ ਨਹੀਂ ਤਾਂ ਕੌਣ—ਕਰੇਗਾ !!

* * *

### ਸ਼ਹੀਦ ਭਗਤ ਸਿੰਘ ਜੀ ਦੇ ਮਾਤਾ ਜੀ ਵਲੋਂ

# ਨੌਜਵਾਨਾਂ ਦੇ ਨਾਂ ਸੁਨੇਹਾ

ਭਗਤ ਸਿੰਘ ਦੇ ਫੜੇ ਜਾਣ ਤੇ ਉਸ ਕੋਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਫੋਟੋ ਨਿਕਲੀ ਜੋ ਉਹ ਹਮੇਸ਼ਾਂ ਆਪਣੇ ਪਾਸ ਰੱਖਦਾ ਹੁੰਦਾ ਸੀ। ਕਈ ਵਾਰ ਮੇਰੇ ਨਾਲ ਗੱਲਾਂ ਕਰਦਾ ਕਰਦਾ ਮੈਨੂੰ ਆਪਣੀ ਜੇਬ ਵਿਚੋਂ ਇਹ ਫੋਟੋ ਕੱਢਕੇ ਦਿਖਾਂਦਾ ਤੇ ਕਹਿੰਦਾ "ਬੇਬੇ ਜੀ, ਇਹ ਜੇ ਮੇਰਾ ਗੁਰੂ, ਮੇਰਾ ਸਾਥੀ ਤੇ ਭਰਾ।" ਸ਼ਹੀਦ ਕਰਤਾਰ ਸਿੰਘ ਸਰਾਭਾ 1914—15 ਦੇ ਗਦਰ ਪਾਰਟੀ ਦੇ ਸ਼ਹੀਦਾਂ ਵਿਚੋਂ ਉਮਰ ਵਿਚ ਸਭ ਤੋਂ ਛੋਟਾ ਤੇ ਕੰਮ ਵਿਚ ਅੱਗੇ ਰਹਿਣ ਵਾਲਿਆਂ ਵਿਚੋਂ ਸੀ।

ਘਰ ਵਿਚ ਕੰਮ ਕਰਦੇ ਤੇ ਏਧਰ ਓਧਰ ਫਿਰਦਿਆਂ ਭਗਤ ਸਿੰਘ ਗਾਉਂਦਾ ਹੁੰਦਾ ਸੀ :—

"ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ,
ਗੱਲਾਂ ਕਰਨੀਆਂ ਢੇਰ ਸੁਖਲੀਆਂ ਨੇ।
ਜਿਨ੍ਹਾਂ ਦੇਸ਼ ਸੇਵਾ ਵਿਚ ਪੈਰ ਪਾਇਆ,
ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।

ਉਸ ਨੇ ਬੜੇ ਪਿਆਰ ਨਾਲ ਦੱਸਣਾ ਕਿ ਬੇਬੇ ਜੀ ਇਹ ਸ਼ੇਅਰ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਹੈ।

ਭਗਤ ਸਿੰਘ ਜਦੋਂ ਵੀ ਘਰ ਆਉਂਦਾ ਤਾਂ ਉਸ ਦੀਆਂ ਜੇਬਾਂ ਵਿਚ ਦੋ ਚਾਰ ਕਿਤਾਬਾਂ ਜ਼ਰੂਰ ਹੁੰਦੀਆਂ। ਮੈਂ ਕਈ ਵਾਰ ਪੁੱਛਣਾ, "ਬੇਟਾ ਤੂੰ ਐਵੇਂ ਆਪਣੀਆਂ

Digitized by Panjab Digital Library | www.panjabdigilib.org

ਜੇਬਾਂ ਇਨ੍ਹਾਂ ਕਿਤਾਬਾਂ ਨਾਲ ਹੀ ਪਾੜ ਲਿਆਉਂਦਾ ਹੈਂ। ਇਹ ਸਭ ਕੁਝ ਕੀ ਹੈ ? ਉਸ ਨੇ ਹੱਸਦੇ ਹੱਸਦੇ ਦੱਸਣਾ ਕਿ ਇਹ ਕਿਤਾਬਾਂ ਬਹੁਤ ਕੀਮਤੀ ਹਨ। ਇਹ ਉਨ੍ਹਾਂ ਸ਼ਹੀਦਾਂ ਤੇ ਦੇਸ਼ ਭਗਤਾਂ ਦੇ ਬਾਰੇ ਹਨ ਜਿਹੜੇ ਦੇਸ਼ ਦੀ ਆਜ਼ਾਦੀ ਲਈ ਲੜ ਰਹੇ ਹਨ। ਇਨ੍ਹਾਂ ਵਿਚੋਂ ਕੁਝ ਕਿਤਾਬਾਂ ਇਟਲੀ, ਰੂਸ ਅਤੇ ਆਇਰਲੈਂਡ ਦੇ ਦੇਸ਼ ਭਗਤਾਂ ਬਾਰੇ ਹਨ।

ਬਚਿਓ ! ਤੁਹਾਨੂੰ ਵੀ ਅੱਜ ਦੇਸ਼ ਭਗਤਾਂ ਦੇ ਤਜ਼ਰਬੇ ਨੂੰ ਧਿਆਨ ਨਾਲ ਪੜ੍ਹਨਾ ਚਾਹੀਦਾ ਹੈ, ਤਾਂ ਜੋ ਤੁਸੀਂ ਵੀ ਅੱਜ ਦੇ ਹਾਲਾਤ ਅਨੁਸਾਰ ਆਪਣਾ ਰਸਤਾ ਲੱਭ ਸਕੋ ।

ਮੇਰਾ ਅਸ਼ੀਰਵਾਦ—ਦੇਸ਼ ਭਗਤ ਬਣੋ।

—ਵਿਦਿਆਵਤੀ

★ ★ ★

# ਸ਼ਹੀਦ ਭਗਤ ਸਿੰਘ ਦੇ ਮਾਤਾ ਜੀ ਨਾਲ ਮੁਲਾਕਾਤ

ਦੇਸ਼ ਦੇ ਨੌਜਵਾਨਾਂ ਦੇ ਨਾਂ ਸੰਦੇਸ਼ ਦਿੰਦੇ ਹੋਏ ਉਨ੍ਹਾਂ ਨੇ ਕਿਹਾ, "ਮੇਰੇ ਹਿੰਦੁਸਤਾਨ ਭਰ ਦੇ ਬੱਚੇ, ਬੱਚੀਓ ! ਉਨ੍ਹਾਂ ਸ਼ਹੀਦਾਂ ਨੂੰ ਯਾਦ ਰੱਖੋ ਜਿਨ੍ਹਾਂ ਦੀਆਂ ਕੁਰਬਾਨੀਆਂ ਨਾਲ ਭਾਰਤ ਮਾਂ ਦੀ ਗੁਲਾਮੀ ਦੀਆਂ ਜੰਜ਼ੀਰਾਂ ਟੁੱਟੀਆਂ। ਸ਼ਹੀਦਾਂ ਨੇ ਆਪਣਾ ਫਰਜ਼ ਨਿਭਾ ਦਿੱਤਾ। ਅੱਜ ਤੁਸਾਂ ਸਾਰਿਆਂ ਨੇ ਇਹ ਫਰਜ਼ ਨਿਭਾਉਣਾ ਹੈ। ਉਹ ਫਰਜ਼ ਇਹ ਹੈ ਕਿ ਜਿਸ ਇਨਕਲਾਬੀ ਤਰੀਕੇ ਨਾਲ ਇਸ ਆਜ਼ਾਦੀ ਨੂੰ ਲਿਆਂਦਾ ਹੈ ਉਸੇ ਜੋਸ਼ ਤੇ ਤਰੀਕੇ ਨਾਲ ਤੁਸਾਂ ਇਸਦੀ ਰੱਖਿਆ ਕਰਨੀ ਹੈ।"

ਸਵਾਲ :—ਬੇਬੇ ਜੀ, ਕੀ ਤੁਸੀਂ ਸਮਝਦੇ ਹੋ ਕਿ ਜਿਸ ਮਿਸ਼ਨ, ਨੂੰ ਲੈ ਕੇ ਤੁਹਾਡਾ ਪੁੱਤਰ ਤੇ ਉਸਦੇ ਹੋਰ ਸਾਥੀ ਸ਼ਹੀਦ ਹੋਏ ਸਨ, ਪੂਰਾ ਹੋ ਗਿਆ ਹੈ ?

ਬੇਬੇ ਜੀ ਦਾ ਉੱਤਰ—ਉਨ੍ਹਾਂ ਦਾ ਉਦੇਸ਼ ਸੀ ਕਿ ਭਾਰਤ ਮਾਂ ਦੀਆਂ ਗੁਲਾਮੀ ਦੀਆਂ ਜ਼ੰਜੀਰਾਂ ਟੁਟ ਜਾਣ ਸੋ ਉਹ ਟੁਟ ਗਈਆਂ। ਉਨ੍ਹਾਂ ਦਾ ਆਦਰਸ਼ ਪੂਰਾ ਹੋ ਗਿਆ। ਪਰ, ਹਾਂ ਉਨ੍ਹਾਂ ਦੇ ਦਿਲ ਵਿਚ ਆਜ਼ਾਦ ਭਾਰਤ ਦੇ ਕੁਝ ਸੁਪਨੇ ਸਨ, ਜੋ ਅੱਜ ਤਕ ਪੂਰੇ ਨਹੀਂ ਹੋਏ।

ਸਵਾਲ—ਉਹ ਸੁਫਨੇ ਕੀ ਸਨ ?

Digitized by Panjab Digital Library | www.panjabdigilib.org

ਉੱਤਰ—(ਬੜੀ ਜੋਸ਼ੀਲੀ ਤੇ ਦੁਖ ਭਰੀ ਆਵਾਜ਼ ਵਿਚ ਕਿਹਾ) "ਜਨਤਾ ਦੇ ਦੁੱਖਾਂ ਨੂੰ ਦੇਖ ਦੇਖ ਕੇ ਅੱਜ ਰੋਣ ਆਉਂਦਾ ਹੈ। ਅੰਗਰੇਜ਼ਾਂ ਦੇ ਜ਼ਮਾਨੇ ਵਿਚ ਅਸੀਂ ਇਸ ਕਰਕੇ ਇਨਕਲਾਬ ਚਾਹੁੰਦੇ ਸਾਂ ਕਿ ਅੰਗਰੇਜ਼ ਭਾਰਤ ਨੂੰ ਲੁੱਟਦਾ ਸੀ। ਉਹ ਲੁਟ ਖਸੁਟ ਸਾਥੋਂ ਬਰਦਾਸ਼ਤ ਨਹੀਂ ਹੁੰਦੀ ਸੀ ਅਤੇ ਅੱਜ ਫਿਰ ਅਸੀਂ ਇਨਕਲਾਬ ਚਾਹੁੰਦੇ ਹਾਂ, ਕਿਉਂਕਿ ਇਕ ਭਾਰਤੀ ਦੂਸਰੇ ਭਾਰਤੀ ਨੂੰ ਲੁੱਟ ਲੁੱਟ ਖਾਈ ਜਾਂਦਾ ਹੈ। ਆਜ਼ਾਦ ਤਾਂ ਹੋ ਗਿਆ ਹੈ ਇਹ ਦੇਸ਼। ਪਰ ਬਾਈ ਸਾਲ ਦੇ ਬਾਅਦ ਦੇਸ਼ ਦੇ ਗਰੀਬਾਂ ਨੂੰ ਪਤਾ ਨਹੀਂ ਲੱਗਾ ਕਿ ਉਹ ਆਜ਼ਾਦ ਹੋ ਗਏ ਹਨ। ਇਹ ਤਾਂ ਹੈ ਕਿ **ਆਜ਼ਾਦੀ ਤਾਂ ਮਿਲ ਗਈ ਪਰ ਆਜ਼ਾਦੀ ਦਾ ਸੁਖ ਨਹੀਂ ਮਿਲਿਆ।"**

ਸਵਾਲ :—ਆਜ਼ਾਦੀ ਤੋਂ ਪਹਿਲਾਂ ਦੇ ਭਾਰਤ ਤੇ ਹੁਣ ਦੇ ਭਾਰਤ ਵਿਚ ਕੀ ਫਰਕ ਹੈ ?

ਜਵਾਬ :—ਗੋਰੇ ਚਲੇ ਗਏ, ਦੇਸੀਆਂ ਦਾ ਰਾਜ ਆ ਗਿਆ। ਲੁਟ ਖਸੁਟ ਅਜੇ ਵੀ ਜਾਰੀ ਹੈ।

ਸਵਾਲ :—ਹੋਰ ਕੀ ਫਰਕ ਹੈ ?

ਜਵਾਬ :—ਅੱਗੇ ਸ਼ਰਾਬ ਦੇ ਠੇਕਿਆਂ ਤੇ ਪਿਕਟਿੰਗ (ਧਰਨੇ) ਹੁੰਦੇ ਸੀ, ਪਰ ਹੁਣ ਸ਼ਰਾਬ ਹੀ ਸ਼ਰਾਬ ਹੈ।

★ ★ ★

# ਸ੍ਰ: ਅਜੀਤ ਸਿੰਘ ਦਾ—ਨੌਜਵਾਨਾਂ ਨੂੰ ਆਖ਼ਰੀ ਸੰਦੇਸ਼

ਗਭਰੂਓ ! ਦੇਸ਼ ਭਗਤੀ 'ਚ ਭਗਤ ਸਿੰਘ ਬਣੋ ! ਮੇਰੇ ਵਤਨ ਦੇ ਨੌਜੁਆਨੋ ! ਜੈ ਹਿੰਦ !!

ਹਰ ਦੇਸ਼ ਤੇ ਕੌਮ ਨੂੰ ਜਿਉਂਦੇ ਰੱਖਣ ਲਈ ਹਿੰਮਤ ਲੋੜੀ ਦੀ ਹੈ। ਦੇਸ਼ ਦੀ ਆਜ਼ਾਦੀ ਤੇ ਉੱਚਤਾ ਲਈ ਉਥੋਂ ਦੇ ਗਭਰੂਆਂ ਨੇ ਕੁਰਬਾਨੀਆਂ ਦਿੱਤੀਆਂ। ਅਜੇਹੀਆਂ ਕੁਰਬਾਨੀਆਂ ਸਦਕਾ ਹੀ ਉਹ ਜਿਉਂਦੀਆਂ ਕੌਮਾਂ ਵਿਚ ਗਿਣਿਆਂ ਜਾਂਦਾ ਹੈ। ਹਿੰਦੁਸਤਾਨ ਵਿਚ ਸਮਾਜੀ ਤੇ ਰਾਜਸੀ ਇਨਕਲਾਬ ਦੀ ਲੋੜ ਹੈ।

Digitized by Panjab Digital Library | www.panjabdigilib.org

ਇਸ ਮੁਸ਼ਕਲ ਕੰਮ ਨੂੰ, ਜਿਹੜਾ ਅਸੀਂ ਇਸ ਸਦੀ ਦੇ ਮੁੱਢ ਵਿਚ ਸ਼ੁਰੂ ਕੀਤਾ ਸੀ, ਮੁਕੰਮਲ ਕਰਨਾ ਹੁਣ ਤੁਸਾਂ ਲੋਕਾਂ ਦੇ ਹੱਥ ਵਿਚ ਹੈ। ਆਜ਼ਾਦੀ ਹਾਸਲ ਕਰਨ ਅਤੇ ਉਸ ਨੂੰ ਕਾਇਮ ਰੱਖਣ ਲਈ ਬਹਾਦਰ ਨੌਜਵਾਨਾਂ ਦੀ ਲੋੜ ਹੈ। ਮੈਂ ਭਾਰਤ ਦੇ ਹਰ ਗਭਰੂ ਨੂੰ ਭਗਤ ਸਿੰਘ ਸਮਾਨ ਬਹਾਦਰ, ਕੁਰਬਾਨੀ ਅਤੇ ਤਿਆਗ ਦਾ ਪੁਤਲਾ ਦੇਖਣਾ ਚਾਹੁੰਦਾ ਹਾਂ। "ਇਨਕਲਾਬ ਜ਼ਿੰਦ ਬਾਦ" ਕਹਿੰਦਿਆਂ ਹੋਇਆ ਕੁਰਬਾਨ ਹੁੰਦੇ ਵੇਖਣ ਦਾ ਇਛਵਾਨ ਹਾਂ।

ਹਿੰਦੁਸਤਾਨੀਆਂ ਦੇ ਫ਼ਿਕਰ ਤੇ ਭੋਖੜੇ ਅਥਵਾ ਪਛੜੇਪਣ ਨੂੰ ਦੂਰ ਕਰਨ ਦਾ ਪ੍ਰਣ ਕਰੋ! ਸਮੇਂ ਸਿਰ ਹਰ ਥਾਂ ਆਪਣੇ ਪਿਆਰੇ ਵਤਨ ਦੀ ਇਜ਼ਤ ਦਾ ਖਿਆਲ ਰੱਖੋ। ਮਿਹਨਤ ਤੇ ਦਿਲ ਲਾ ਕੇ ਕੰਮ ਕਰਨ ਨੂੰ ਆਦਰਸ਼ ਬਣਾਓ। ਤਾਂ ਕਿ ਉਸਦੇ ਉਚਕੋਟੀ ਦੇ ਮਾਹਰ ਤੇ ਪੂਰਨ ਮਨੁੱਖ ਬਣ ਸਕੋ। ਆਪਣੀ ਕੌਮ ਦਾ ਨਾਂ ਰੋਸ਼ਨ ਕਰ ਸਕੋ। ਆਪਣੇ ਦੇਸ਼ ਦੇ ਉਹਨਾਂ ਸ਼ਹੀਦਾਂ ਨੂੰ ਯਾਦ ਰੱਖੋ, ਜਿਹਨਾਂ ਆਪਣੇ ਵਤਨ ਦੀ ਸ਼ਾਨ ਨੂੰ ਖਾਸ ਕਰਕੇ ਬਦੇਸ਼ਾਂ ਦੇ ਵਿਚ ਭਾਰਤ ਮਾਂ ਦੇ ਨਾਂ ਤੇ ਜਾਨੀ ਕੁਰਬਾਨੀਆਂ ਦਿੱਤੀਆਂ ਹਨ। ਤੁਸੀਂ ਵੀ ਉਨ੍ਹਾਂ ਦੇ ਪੈਰ-ਚਿੰਨ੍ਹਾਂ ਤੇ ਚਲੋ। ਸ਼ਹੀਦਾਂ ਦੀਆਂ ਮੌਤਾਂ, ਕੌਮਾਂ ਦੀ ਅਮਰਤਾ ਦਾ ਥੰਮ੍ਹ ਹੁੰਦੀਆਂ ਹਨ। ਕੇਵਲ ਬਦੇਸ਼ੀ ਹਾਕਮਾਂ ਤੋਂ ਖਲਾਸੀ ਪਾਉਣ ਨਾਲ ਹੀ ਦੇਸ਼ ਦੇ ਦੁਖੜੇ ਦੂਰ ਨਹੀਂ ਹੋ ਜਾਂਦੇ। ਸਗੋਂ ਉਸ ਪਿਛੋਂ ਤਾਂ ਆਪਣੇ ਮਸਲਿਆਂ ਨੂੰ ਹਲ ਕਰਨ ਦਾ ਮੌਕਾ ਹੀ ਮਿਲਦਾ ਹੈ। ਉਸ ਸਮੇਂ ਏਕੇ, ਦ੍ਰਿੜ੍ਹਤਾ ਤੇ ਬੇਝਾਗਤਾ ਨਾਲ ਹੀ ਕੰਮ ਕਰਨਾ ਚਾਹੀਦਾ ਹੈ।

ਫਿਰਕੇਦਾਰੀ ਦੇ ਜਿਹੜੇ ਝਗੜੇ ਸਾਡੇ ਦੇਸ਼ ਦੀ ਤਰੱਕੀ ਦੇ ਰਾਹ ਵਿਚ ਰੋੜੇ ਬਣੇ ਹੋਏ ਹਨ। ਉਨ੍ਹਾਂ ਤੋਂ ਬਚੋ। ਫਿਰਤੂ ਵਹਿਣਾਂ ਵਿਚ ਵਹਿਣ ਦੀ ਥਾਂ ਨਿੱਗਰ ਕੰਮ ਕਰੋ। ਸੁੱਚੇ ਸੱਚੇ ਧਰਮ ਤੇ ਚੱਲਣ ਬਾਰੇ ਸੂਝ ਪੈਦਾ ਕਰੋ। ਮਨੁੱਖ ਮਾਤਰ ਦੀ ਸੇਵਾ ਨੂੰ ਆਪਣਾ ਜੀਵਨ ਆਦਰਸ਼ ਬਣਾਓ।

ਸਾਰੀ ਦੁਨੀਆ ਇਸ ਸਮੇਂ ਇਕ ਨਵੇਂ ਦੌਰ ਵਿਚੋਂ ਲੰਘ ਰਹੀ ਹੈ। ਇਸ ਦੌਰ ਵਿਚ ਜੇ ਅਸੀਂ ਰਤਾ ਵੀ ਢਿਲ ਵਿਖਾਈ ਤਾਂ ਕਈ ਪੜਾਅ ਪਿਛੇ ਰਹਿ ਜਾਵਾਂਗੇ। ਵਕਤ ਲੰਘਦਾ ਜਾਂਦਾ ਹੈ। ਅਤੇ ਉਹ ਕਿਸੇ ਦੀ ਉਡੀਕ ਨਹੀਂ ਕਰਦਾ। ਸਾਡੇ ਦੇਸ਼ ਦਾ ਨਵਾ ਜਨਮ ਹੋਣ ਵਾਲਾ ਹੈ। (ਸੁਤੰਤਰਤਾ ਨਵਾਂ ਜਨਮ ਹੈ) ਇਸ ਅਹਿਮ ਸਮੇਂ ਤੁਸੀਂ ਪ੍ਰਣ ਕਰੋ ਕਿ ਸਦਾ ਹਰ ਹਾਲਤ ਵਿਚ ਆਪਣੇ ਪਿਆਰੇ ਵਤਨ ਦੀ ਸੇਵਾ ਕਰੋਗੇ।

Digitized by Panjab Digital Library | www.panjabdigilib.org

ਹਰ ਕੰਮ ਵਿਚ ਮਿਸਾਲ ਬਣਨ ਦਾ ਜਤਨ ਕਰੋ । ਆਪਣੇ ਵਿਚ ਪ੍ਰਣ ਕਰੋ : ਕੁਰਬਾਨੀ ਤੇ ਤਿਆਗ ਵਲੋਂ ਤੁਸਾਂ ਦੂਜੇ ਭਗਤ ਸਿੰਘ ਬਣਨਾ ਹੈ ਤੇ ਉਸ ਸਾਮਾਨ ਦੇਸ਼ ਨੂੰ ਸਭ ਤੋਂ ਪਿਆਰੇ ਸਮਝਣਾ ਹੈ ਜਦੋਂ ਤਕ ਹਿੰਦੁਸਤਾਨ ਵਿਚ ਵੀ ਇਨਸਾਨ ਭੁੱਖਾ ਜਾਂ ਨੰਗਾ ਹੈ, ਤਦ ਤਕ ਇਸ ਘੋਲ ਨੂੰ ਜਾਰੀ ਰੱਖਣ ਦੀ ਸਹੁੰ ਖਾਓ ।

ਇਨਕਲਾਬ—ਜ਼ਿੰਦਾਬਾਦ,

ਇਨਕਲਾਬ ਦਾ ਪੁਜਾਰੀ, ਅਜੀਤ ਸਿੰਘ ।

★ ★ ★

ਇਹ ਸੰਦੇਸ਼ ਸ਼ਹੀਦ ਭਗਤ ਸਿੰਘ ਨੇ 2 ਫਰਵਰੀ 1931 ਫਾਂਸੀ ਤੋਂ 6 ਹਫ਼ਤੇ ਪਹਿਲਾਂ ਨੌਜਵਾਨਾਂ ਦੇ ਨਾਂ ਬਾਹਰ ਭੇਜਿਆ ਸੀ !! ਕੁਝ !! ਉਸ ਵੇਲੇ ਦੇ ਹਾਲਾਤ ਤੇ ਵਿਚਾਰ ਹਨ ਤੇ ਕੁਝ ਇਨਕਲਾਬੀ ਕੰਮ ਨੂੰ ਅੱਗੇ ਕਿਵੇਂ ਤੋਰਨਾ ਹੈ—ਲਓ ਵਿਚਾਰੋ...........

## ਪੂਰਨ ਆਜ਼ਾਦੀ

ਜਦ ਲਾਹੌਰ ਵਿਚ ਕਾਂਗਰਸ ਨੇ ਪੂਰਨ ਆਜ਼ਾਦੀ ਦਾ ਮੱਤਾ ਪਾਸ ਕੀਤਾ ਸੀ ਤਾਂ ਅਸੀਂ ਇਸ ਨੂੰ ਪੂਰੇ ਦਿਲ ਨਾਲ ਚਾਹੁੰਦੇ ਸਾਂ । ਪਰ ਕਾਂਗਰਸ ਦੇ ਉਸੇ ਅਜਲਾਸ ਵਿਚ ਮਹਾਤਮਾ ਗਾਂਧੀ ਨੇ ਕਿਹਾ ਸੀ ਕਿ ਸਮਝੌਤੇ ਦਾ ਦਰਵਾਜ਼ਾ ਹੁਣ ਭੀ ਖੁਲ੍ਹਾ ਹੈ । ਇਸ ਦਾ ਮਤਲਬ ਇਹ ਸੀ ਕਿ ਉਹ ਪਹਿਲਾਂ ਜਾਣਦੇ ਸਨ ਕਿ ਉਹਨਾਂ ਦੀ ਲੜਾਈ ਦਾ ਅੰਤ ਕਿਸੇ ਨਾ ਕਿਸੇ ਤਰ੍ਹਾਂ ਦੇ ਸਮਝੌਤੇ ਵਿਚ ਹੋਵੇਗਾ, ਉਹ ਪੂਰੇ ਦਿਲ ਨਾਲ ਆਜ਼ਾਦੀ ਦੀ ਘੋਸ਼ਣਾ ਨਹੀਂ ਕਰ ਰਹੇ ਸਨ । ਅਸੀਂ ਇਸ ਨੂੰ ਦਿਲੋਂ ਨਫ਼ਰਤ ਕਰਦੇ ਹਾਂ !!

ਇਸ ਮਕਸਦ ਲਈ ਸਮਾਜਕ ਤਬਦੀਲੀ ਲਿਆਉਣ ਲਈ ਨੌਜਵਾਨਾਂ ਨੂੰ ਮੈਦਾਨ ਵਿਚ ਨਿੱਤਰਨਾ ਚਾਹੀਦਾ ਹੈ, ਲੀਡਰ ਤਾਂ ਦੇਸ਼ ਵਿਚ ਪਹਿਲਾਂ ਹੀ ਬਹੁਤ ਹਨ, ਸਾਡੇ ਦਲ ਨੂੰ ਲੀਡਰਾਂ ਦੀ ਜ਼ਰੂਰਤ ਨਹੀਂ !! ਜੇ ਤੁਸੀਂ ਦੁਨੀਆਂ ਦਾਰ ਹੋ, ਬਾਲ ਬੱਚਿਆਂ ਵਾਲੇ ਹੋ ਤੇ ਗ੍ਰਹਿਸਤ ਵਿਚ ਫਸੇ ਹੋਏ ਹੋ ਤਾਂ ਸਾਡੇ ਰਾਹ ਤੇ ਨਾ ਆਉਣਾ । ਤੁਸੀਂ ਸਾਡੇ ਉਦੇਸ਼ ਨਾਲ ਹਮਦਰਦੀ ਰੱਖਦੇ ਹੋ ਤਾਂ ਹੋਰ ਤਰੀਕਿਆਂ ਨਾਲ ਸਾਨੂੰ ਮੱਦਦ ਦਿਉ, ਸਖ਼ਤ ਮੁਸ਼ਕਲਾਂ ਵਿਚ ਰਹਿ ਸਕਣ ਵਾਲੇ ਸਾਥੀ ਹੀ ਇਸ ਅੰਦੋਲਨ ਨੂੰ ਅਗਾਂਹ ਖੜ ਸਕਦੇ ਹਨ । ਇਹ ਜ਼ਰੂਰੀ ਨਹੀਂ ਕਿ ਸਾਡੀ ਪਾਰਟੀ ਚੋਰੀ ਛਿਪੇ ਹੀ ਕੰਮ ਕਰੇ । ਸਾਨੂੰ ਨੌਜਵਾਨਾਂ ਲਈ Study Circle

Digitized by Panjab Digital Library | www.panjabdigilib.org

ਖੋਲ੍ਹਣੇ ਚਾਹੀਦੇ ਹਨ !! ਪੰਫਲਿਟ, ਕਿਤਾਬਚੇ, ਭਾਸ਼ਨਾਂ ਤੇ ਗਲਬਾਤ ਰਾਹੀਂ ਹਰ ਇਕ ਥਾਂ ਤੇ ਸਾਨੂੰ ਆਪਣੇ ਖ਼ਿਆਲਾਂ ਦਾ ਪ੍ਰਚਾਰ ਕਰਨਾ ਚਾਹੀਦਾ ਹੈ.........

ਹਾਂ ! ਜੇ ਇਸ ਤਰ੍ਹਾਂ ਹੀ ਕੋਸ਼ਿਸ਼ ਕਰਦੇ ਜਾਵਾਂਗੇ, ਤਾਂ ਕਿਤੇ ਜਾ ਕੇ ਸਵਰਾਜ ਦੀ ਪ੍ਰਾਪਤੀ ਜੇ ਇਕ ਸਾਲ ਵਿਚ ਨਹੀਂ ਤਾਂ ਇਕ ਦਿਨ ਮਹਾਨ ਕੁਰਬਾਨੀ ਅਤੇ ਤਿਆਗ ਦੀ ਸਖ਼ਤ ਪ੍ਰੀਖਿਆ ਚੋਂ ਲੰਘਣ ਬਾਅਦ ਜ਼ਰੂਰ ਜੇਤੂ ਹੋਵਾਂਗੇ !!

ਇਨਕਲਾਬ ਜ਼ਿੰਦਾਬਾਦ—ਭਗਤ ਸਿੰਘ ।

★ ★ ★

## ਪਿਆਰੇ ਨੌਜਵਾਨੋ !

ਭੁਲ ਜਾਉ ਨਿੱਜੀ ਜੀਵਨ ਦੇ ਮੁਫ਼ਾਦ ਨੂੰ । ਤੁਹਾਡਾ ਜੀਵਨ ਕੌਮੀ ਅਤੇ ਸਮ ਜਕ ਹੈ, ਅਤੇ ਦੁਨੀਆਂ ਭਰ ਦੇ ਇਨਸਾਨਾਂ ਦੀ ਅਮਾਨਤ ਹੈ । ਕਿਉਂਕਿ ਤੁਸੀਂ ਹਿੰਦੋਸਤਾਨ ਦੀ ਅਜ਼ਾਦੀ ਨੂੰ ਹੀ ਨਹੀਂ ਬਚਾਉਣਾ, ਬਲਕਿ, ਚਾਹੇ ਉਹ ਦੁਨੀਆਂ ਦੇ ਕਿਸੇ ਵੀ ਹਿੱਸੇ ਵਿਚ ਰਹਿੰਦੇ ਹੋਣ, ਅਜ਼ਾਦੀ ਅਤੇ ਬਰਾਬਰੀ ਦੀ ਰੱਖਿਆ ਕਰਨੀ ਤੁਹਾਡਾ ਧਰਮ (ਕਰਤੱਵ) ਹੈ । ਇਹੀ ਸਾਰੇ ਸ਼ਹੀਦਾਂ ਦਾ ਆਦਰਸ਼ ਹੈ ਜਿਸ ਨੂੰ ਲੈ ਕੇ ਕੰਮ ਕਰਨਾ ਹੈ ।

ਸਾਡੀ ਲੜਾਈ ਕਿਸੇ ਕੌਮ ਜਾਂ ਮਜ਼ਹਬ ਨਾਲ ਨਹੀਂ ਹੈ । ਸਾਡੀ ਲੜਾਈ ਲੁਟ ਖਸੁਟ ਦੇ ਖਿਲਾਫ਼ ਹੈ, ਜੋ ਇਨਸਾਨ ਦੀ ਗਾੜ੍ਹੇ ਪਸੀਨੇ ਦੀ ਦੀ ਕਮਾਈ ਨੂੰ ਤਲਵਾਰ ਅਤੇ ਦੂਜੇ ਗੈਰ ਜਮਹੂਰੀ ਤਰੀਕਿਆਂ ਨਾਲ ਖੋਹ ਰਹੀ ਹੈ । ਏਹੋ ਜਹੀਆਂ ਜ਼ੁਲਮ ਅਤੇ ਗੈਰ ਇਨਸਾਨੀ ਰੁਚੀਆਂ ਤੋਂ ਮਜ਼ਲੂਮ ਜਨਤਾ ਨੂੰ ਬਚਾਉਣਾ ਤੁਹਾਡੇ ਜੀਵਨ ਦਾ ਆਦਰਸ਼ ਹੈ । ਤੁਸੀਂ ਦੁਨੀਆਂ ਤੇ ਅਮਨ ਅਤੇ ਸ਼ਾਂਤੀ ਕਾਇਮ ਕਰਨੀ ਹੈ । ਅਤੇ ਹਰ ਕੌਮ ਅਤੇ ਇਨਸਾਨ ਨੂੰ ਉਸਦੇ ਇਨਸਾਨੀ ਹੱਕਾਂ ਨਾਲ ਮਾਲਾਮਾਲ ਕਰਨਾ ਹੈ । ਇਸੇ ਦਾ ਨਾਂ ਮਨੁੱਖਤਾ ਅਤੇ ਮਨੁੱਖੀ ਧਰਮ ਹੈ ।

(ਬਾਬਾ ਸੋਹਨ ਸਿੰਘ ਭਕਨਾ)

ਗਦਰ ਪਾਰਟੀ ਦੇ ਪਹਿਲੇ ਪ੍ਰਧਾਨ

Digitized by Panjab Digital Library | www.panjabdigilib.org

## ਭਾਰਤ ਵਾਸੀਆਂ ਨੂੰ ਅੰਤਿਮ ਸੰਦੇਸ਼

ਹਿੰਦ ਵਾਸੀਓ ਰੱਖਣਾ ਯਾਦ ਸਾਨੂੰ,
ਕਿਤੇ ਦਿਲਾਂ ਤੋਂ ਨਾ ਭੁਲਾ ਜਾਣਾ।
ਖਾਤਰ ਵਤਨ ਦੀ ਲੱਗੇ ਹਾਂ ਚੜ੍ਹਨ ਫਾਂਸੀ,
ਸਾਨੂੰ ਦੇਖ ਕੇ ਨਹੀਂ ਘਬਰਾ ਜਾਣਾ।
ਸਾਡੀ ਮੌਤ ਨੇ ਵਤਨ ਦੇ ਵਾਸੀਆਂ ਦੇ,
ਦਿਲੀਂ ਵਤਨ ਦਾ ਇਸ਼ਕ ਜਗਾ ਜਾਣਾ।
ਦੇਸ਼ ਵਾਸੀਓ ਚਮਕਣਾ ਚੰਦ ਵਾਂਗੂ,
ਕਿਤੇ ਬਦਲਾਂ ਹੇਠ ਨਾ ਆ ਜਾਣਾ।
ਕਰਕੇ ਦੇਸ਼ ਦੇ ਨਾਲ ਧਰੋਹ ਯਾਰੋ,
ਦਾਗ ਕੌਮ ਦੇ ਮੱਥੇ ਨਾ ਲਾ ਜਾਣਾ।
ਮੂਲਾ ਸਿੰਘ, ਕਿਰਪਾਲ, ਨਵਾਬ ਵਾਂਗੂ,
ਅਮਰ ਸਿੰਘ ਨਾ ਕਿਸੇ ਕਹਾ ਜਾਣਾ।
ਜੇਲ੍ਹਾਂ ਹੈਨ ਕਾਲਜ ਵਤਨ ਸੇਵਕਾਂ ਦੇ,
ਦਾਖਲ ਹੋਇ ਕੇ ਡਿਗਰੀਆਂ ਪਾ ਜਾਣਾ।
ਹੁੰਦੇ ਫੇਲ੍ਹ ਬਹੁਤੇ ਅਤੇ ਪਾਸ ਥੋਹੜੇ,
ਵਤਨ ਵਾਸੀਓ ਦਿਲ ਨਾ ਢਾਹ ਜਾਣਾ।
ਪਿਆਰੇ ਵੀਰਨੋਂ ਚਲੇ ਹਾਂ ਅਸੀਂ ਜਿੱਥੇ,
ਏਸੇ ਰਸਤਿਓਂ ਤੁਸੀ ਵੀ ਆ ਜਾਣਾ।

---

ਸ਼ਹੀਦਾਂ ਤੇ ਦੇਸ਼ ਭਗਤਾਂ ਦੇ ਵਿਚਾਰ ਜਾਨਣ ਲਈ ਆਪਣੇ ਆਲੇ ਦੁਆਲੇ ਦੇ ਸੰਗਠਨਾਂ ਲਾਇਬਰੇਰੀਆਂ ਤੇ ਦੋਸਤਾਂ ਨੂੰ

ਮਾਸਕ ਪੱਤਰ **ਕੌਮੀ ਲਹਿਰ** ਪੜ੍ਹਾਓ

**ਸਾਲਾਨਾ** **ਤਿੰਨ ਰੁਪੈ**

**ਛਮਾਹੀ** **ਡੇਢ ਰੁਪਿਆ**

ਚੰਦਾ ਇਸ ਪਤੇ ਤੇ ਭੇਜੋ : **ਯੁਵਕ ਕੇਂਦਰ, ਰਾਜਿੰਦਰ ਨਗਰ, ਲਾਡੋਵਾਲੀ ਰੋਡ, ਜਲੰਧਰ ਸ਼ਹਿਰ।**

---

ਐਮ. ਟੀ. ਪ੍ਰਿੰਟਰਜ਼, ਮੰਡੀ ਰੋਡ, ਜਲੰਧਰ।

Digitized by Panjab Digital Library | www.panjabdigilib.org